## ਵਰਤਮਾਨ ਸਮੇਂ ਪ੍ਰਮਾਣ ਵੈਰਾਗ ਵ੍ਰਿਤੀ ਨੂੰ ਇਮਰਜ਼ ਕਰ ਸਾਧਨਾ ਦਾ ਵਾਯੂਮੰਡਲ ਬਣਾਓ

ਅੱਜ ਸਨੇਹ ਦੇ ਸਾਗਰ ਬਾਪਦਾਦਾ ਆਪਣੇ ਅਤਿ ਸਨੇਹੀ ਬੱਚਿਆਂ ਨੂੰ ਮਿਲ ਰਹੇ ਹਨ। ਅੱਜ ਦੇ ਦਿਨ ਵਿਸ਼ੇਸ਼ ਸਨੇਹ ਦਾ ਦਿਨ ਹੈ। ਅੰਮ੍ਰਿਤਵੇਲੇ ਤੋਂ ਲੈਕੇ ਚਾਰੋਂ ਪਾਸੇ ਦੇ ਬੱਚੇ ਸਨੇਹ ਦੀਆਂ ਲਹਿਰਾ ਵਿੱਚ ਲਹਿਰਾ ਰਹੇ ਹਨ। ਹਰ ਇੱਕ ਬੱਚੇ ਦੇ ਦਿਲ ਦਾ ਸੇਨਹ ਦਿਲਾਰਾਮ ਬਾਪ ਦੇ ਕੋਲ ਪਹੁੰਚ ਗਿਆ। ਬਾਪਦਾਦਾ ਵੀ ਸਭ ਬੱਚਿਆਂ ਨੂੰ ਸਨੇਹ ਦੇ ਰੇਸਪਾਂਡ ਵਿੱਚ ਸਨੇਹ ਅਤੇ ਸਮਰਥ -ਪਨ ਦਾ ਵਰਦਾਨ ਦੇ ਰਹੇ ਹਨ। ਅੱਜ ਦੇ ਦਿਨ ਨੂੰ ਬਾਪਦਾਦਾ ਯੁੱਗ ਦੀ ਸਥਾਪਨਾ ਵਿੱਚ ਵਿਸ਼ੇਸ਼ ਪਰਿਵਰਤਨ ਦਾ ਦਿਨ ਕਹਿੰਦੇ ਹਨ। ਅੱਜ ਦੇ ਦਿਨ ਬ੍ਰਹਮਾ ਬਾਪ ਗੁਪਤ ਰੂਪ ਵਿੱਚ ਬੈਕਬੋਨ ਬਣ ਆਪਣੇ ਬੱਚਿਆਂ ਨੂੰ ਸਾਕਾਰ ਰੂਪ ਵਿਸ਼ਵ ਦੇ ਮੰਚ ਤੇ ਪ੍ਰਤੱਖ ਕੀਤਾ, ਇਸਲਈ ਉਸ ਦਿਵਸ ਨੂੰ ਬੱਚਿਆਂ ਦੇ ਪ੍ਰਤਖਤਾ ਦਾ ਦਿਨ ਕਿਹਾ ਜਾਂਦਾ ਹੈ। ਸਮਰਥ ਦਿਵਸ ਕਿਹਾ ਜਾਂਦਾ ਹੈ। ਵਿਲ ਪਾਵਰ ਦੇਣ ਦਾ ਦਿਵਸ ਕਿਹਾ ਜਾਂਦਾ ਹੈ। ਬ੍ਰਹਮਾ ਬਾਪ ਗੁਪਤ ਰੂਪ ਵਿੱਚ ਕੰਮ ਕਰ ਰਿਹਾ ਹੈ। ਵੱਖ ਨਹੀਂ ਹੈ, ਨਾਲ ਹੀ ਹੈ ਸਿਰਫ਼ ਗੁਪਤ ਰੂਪ ਵਿੱਚ ਕਰਾ ਰਹੇ ਹਨ। ਇਹ ਅਵਿਅਕਤ ਦਿਵਸ ਬੱਚਿਆਂ ਦੇ ਕੰਮ ਨੂੰ ਤੀਵ੍ਰ ਗਤੀ ਵਿੱਚ ਲਿਆਉਣ ਦਾ ਦਿਵਸ ਹੈ। ਹੁਣ ਵੀ ਹਰ ਇੱਕ ਬੱਚੇ ਦੀ ਛੱਤਰਛਾਇਆ ਬਣ ਪਾਲਣਾ ਦਾ ਕਰਤਵ ਕਰ ਰਹੇ ਹਨ। ਜਿਵੇਂ ਮਾਂ ਬੱਚਿਆਂ ਦੇ ਲਈ ਛਤਰਛਾਇਆ ਹੁੰਦੀ ਹੈ ਇਵੇਂ ਹੀ ਅੰਮ੍ਰਿਤਵੇਲੇ ਤੋਂ ਲੈਕੇ ਬ੍ਰਹਮਾ ਮਾਂ ਚਾਰੋਂ ਪਾਸੇ ਦੇ ਬੱਚਿਆਂ ਦੀ ਰੇਖ -ਦੇਖ ਰੇਖ ਕਰਦੀ ਰਹਿੰਦੀ ਹੈ। ਸਾਕਾਰ ਵਿੱਚ ਨਿਮਿਤ ਬੱਚੇ ਹਨ ਪਰ ਭਾਗ ਵਿਧਾਤਾ ਬ੍ਰਹਮਾ ਮਾਂ ਹਰ ਬੱਚੇ ਦੇ ਭਾਗ ਨੂੰ ਦੇਖ ਬੱਚਿਆਂ ਨੂੰ ਵਿਸ਼ੇਸ਼ ਸ਼ਕਤੀ, ਹਿੰਮਤ, ਉਮੰਗ - ਉਤਸ਼ਾਹ ਦੀ ਪਾਲਣਾ ਕਰਦੇ ਹਨ। ਸ਼ਿਵ ਬਾਪ ਤਾਂ ਨਾਲ ਹੀ ਹੈ ਪਰ ਵਿਸ਼ੇਸ਼ ਬ੍ਰਹਮਾ ਦਾ ਪਾਲਣਾ ਦਾ ਪਾਰ੍ਟ ਹੈ।

ਅੱਜ ਦੇ ਦਿਨ ਭਾਗ - ਵਿਧਾਤਾ ਬ੍ਰਹਮਾ ਹਰ ਬੱਚੇ ਨੂੰ ਵਿਸ਼ੇਸ਼ ਸਨੇਹ ਦੇ ਰਿਟਰਨ ਵਿੱਚ ਵਰਦਾਨ ਦਾ ਭੰਡਾਰ ਭੰਡਾਰੀ ਬਣ ਵੰਡਦੇ ਹਨ। ਜੋ ਬੱਚਾ ਜਿਨਾ ਅਵਿਅਕਤ ਸਥਿਤੀ ਵਿੱਚ ਸਥਿਤ ਹੋ ਮਿਲਣ ਮਨਾਉਂਦੇ ਹਨ, ਜੋ ਚਾਹੀਦਾ ਹੈ, ਜਿੰਨਾਂ ਜੋ ਵਰਦਾਨ ਚਾਹੀਦਾ ਹੈ ਉਹ ਸਹਿਜ ਪ੍ਰਾਪਤ ਹੁੰਦਾ ਹੈ। ਵਰਦਾਨਾਂ ਦਾ ਖੁਲ੍ਹਾ ਭੰਡਾਰ ਹੈ, ਜੋ ਚਾਹੀਦਾ ਹੈ, ਜਿੰਨਾਂ ਚਾਹੀਦਾ ਹੈ ਓਨਾ ਪ੍ਰਾਪਤ ਹੋਣ ਦਾ ਸ਼੍ਰੇਸ਼ਠ ਦਿਨ ਹੈ। ਸਨੇਹ ਦਾ ਰਿਟਰਨ ਹੁੰਦਾ ਹੈ - ਸਹਿਜ ਵਰਦਾਨ ਦੀ ਗਿਫ਼੍ਟ। ਤਾਂ ਗਿਫ਼੍ਟ ਵਿੱਚ ਮਿਹਨਤ ਨਹੀਂ ਕਰਨੀ ਪੈਂਦੀ ਹੈ, ਸਹਿਜ ਪ੍ਰਾਪਤੀ ਹੁੰਦੀ ਹੈ। ਗਿਫ਼੍ਟ ਮੰਗੀ ਨਹੀਂ ਜਾਂਦੀ ਹੈ, ਖ਼ੁਦ ਹੀ ਪ੍ਰਾਪਤ ਹੁੰਦੀ ਹੈ। ਪੁਰਸ਼ਾਰਥ ਨਾਲ ਵਰਦਾਨ ਦੀ ਪ੍ਰਾਪਤੀ ਵੱਖ ਚੀਜ਼ ਹੈ ਪਰ ਅੱਜ ਦੇ ਦਿਨ ਬ੍ਰਹਮਾ ਮਾਂ ਸੇਨਹ ਦੇ ਰਿਟਰਨ ਵਿੱਚ ਵਰਦਾਨ ਦਿੰਦੇ ਹਨ। ਤਾਂ ਅੱਜ ਦੇ ਦਿਨ ਸਭ ਨੇ ਸਹਿਜ ਵਰਦਾਨ ਪ੍ਰਾਪਤ ਹੋਣ ਦੀ ਅਨੁਭੂਤੀ ਕੀਤੀ? ਹੁਣ ਵੀ ਸੱਚੇ ਦਿਲ ਦੇ ਸਨੇਹ ਦਾ ਰਿਟਰਨ ਵਰਦਾਨ ਪ੍ਰਾਪਤ ਕਰ ਸਕਦੇ ਹੋ। ਵਰਦਾਨ ਪ੍ਰਾਪਤ ਕਰਾਉਣ ਦਾ ਸਾਧਨ ਹੈ - ਦਿਲ ਦਾ ਸਨੇਹ। ਜਿੱਥੇ ਦਿਲ ਦਾ ਸਨੇਹ ਹੈ, ਉਹ ਸਨੇਹ ਅਜਿਹਾ ਖਜ਼ਾਨਾ ਹੈ ਜਿਸ ਖ਼ਜਾਨੇ ਦਵਾਰਾ, ਬਾਪਦਾਦਾ ਦਵਾਰਾ ਜੋ ਚਾਹੇ ਅਵਿਨਾਸ਼ੀ ਵਰਦਾਨ ਪ੍ਰਾਪਤ ਕਰ ਸਕਦੇ ਹੋ। ਉਹ ਸਨੇਹ ਦਾ ਖਜ਼ਾਨਾ ਹਰ ਬੱਚੇ ਦੇ ਕੋਲ ਹੈ? ਸਨੇਹ ਦਾ ਖਜ਼ਾਨਾ ਹੈ ਤਾਂ ਹੀ ਤੇ ਪਹੁੰਚੇ ਹੋ ਨਾ! ਸਨੇਹ ਖਿੱਚਕੇ ਲਿਆਇਆ ਹੈ ਅਤੇ ਸੇਨਹ ਵਿੱਚ ਰਮਨਾ ਬਹੁਤ ਸਹਿਜ ਹੈ। ਪੁਰਸ਼ਾਰਥ ਦੀ ਮਿਹਨਤ ਨਹੀਂ ਕਰਨੀ ਪੈਂਦੀ। ਕਿਉਂਕਿ ਸੇਨਹ ਦਾ ਅਨੁਭਵ ਹਰ ਆਤਮਾ ਨੂੰ ਹੁੰਦਾ ਹੀ ਹੈ। ਸਿਰਫ਼ ਹੁਣ ਜੋ ਬਿਖਰਿਆ ਹੋਇਆ ਸਨੇਹ ਸੀ, ਕੁਝ ਕਿੱਥੇ, ਕੁਝ ਕਿੱਥੇ ਸੀ, ਉਹ ਬਿਖਰਿਆ ਹੋਇਆ ਸਨੇਹ ਇੱਕ ਦੇ ਹੀ ਨਾਲ ਜੋੜ ਲਿਆ ਹੈ ਕਿਉਂਕਿ ਪਹਿਲੇ ਵੱਖ - ਵੱਖ ਸੰਬੰਧ ਸਨ, ਹੁਣ ਇੱਕ ਵਿੱਚ ਸਭ ਸੰਬੰਧ ਹੈ। ਤਾਂ ਸਹਿਜ ਸਰਵ ਸਨੇਹ ਇੱਕ ਦੇ ਨਾਲ ਹੋ ਗਿਆ, ਇਸਲਈ ਹਰ ਇੱਕ ਕਹਿੰਦਾ ਹੈ ਮੇਰਾ ਬਾਬਾ। ਤਾਂ ਸਨੇਹ ਕਿਸ ਨਾਲ ਹੁੰਦਾ ਹੈ? ਮੇਰੇ ਨਾਲ । ਸਭ ਕਹਿੰਦੇ ਹਨ ਨਾ ਮੇਰਾ ਬਾਬਾ, ਜਾਂ ਦਾਦੀਆਂ ਦਾ ਬਾਬਾ ਹੈ ? ਮਹਾਰਥਿਆ ਦਾ ਬਾਬਾ ਹੈ? ਸਭਦਾ ਬਾਬਾ ਹੈ ਨਾ! ਅੱਜ ਦੇ ਦਿਨ ਕਿੰਨੀ ਵਾਰ ਹਰ ਇੱਕ ਬੱਚੇ ਨੇ ਦਿਲ ਨਾਲ ਕਿਹਾ - ਮੇਰਾ ਬਾਬਾ, ਮੇਰਾ ਬਾਬਾ, ਸਭ ਨੇ ਮੇਰਾ -ਬਾਬਾ, ਮੇਰਾ ਬਾਬਾ ਕਹਿ ਰੂਹਰਿਹਾਨ ਕੀਤੀ ਨਾ! ਸਾਰਾ ਦਿਨ ਕੀ ਕੀਤਾ ? ਸਨੇਹ ਦੇ ਪੁਸ਼ਪ ਬਾਪਦਾਦਾ ਨੂੰ ਚੜ੍ਹਾਏ। ਬਾਪਦਾਦਾ ਦੇ ਕੋਲ ਸਨੇਹ ਦੇ ਫ਼ੁੱਲ ਬਹੁਤ ਵਧੀਆ ਤੋਂ ਵਧੀਆ ਪਹੁੰਚ ਰਹੇ ਸਨ। ਸਨੇਹ ਤਾਂ ਬਹੁਤ ਵਧੀਆ ਰਿਹਾ, ਹੁਣ ਬਾਪ ਕਹਿੰਦੇ ਹਨ ਸਨੇਹ ਦਾ ਸਵਰੂਪ ਸਾਕਾਰ ਵਿੱਚ ਇਮਰਜ਼ ਕਰੋ। ਉਹ ਹੈ ਸਮਾਨ ਬਣਨਾ। ਹੁਣ ਇਹ ਸਮਾਨ ਬਣਨ ਦਾ ਲਕਸ਼ ਤਾਂ ਸਭ ਦੇ ਕੋਲ ਹੈ, ਹੁਣ ਸਾਕਾਰ ਵਿੱਚ ਲਕਸ਼ਣ ਦਿਖਾਈ ਦੇਣ। ਜਿਸ ਵੀ ਬੱਚੇ ਨੂੰ ਦੇਖਣ, ਜੋ ਵੀ ਮਿਲੇ, ਸੰਬੰਧ -ਸੰਪਰਕ ਵਿੱਚ ਆਏ, ਉਹਨਾਂ ਨੂੰ ਇਹ ਲਕਸ਼ਣ ਦਿਖਾਈ ਦੇਣ ਅਨੁਭਵ ਕਰਨ ਕਿ ਇਹ ਜਿਵੇਂ ਪਰਮਾਤਮਾ ਬਾਪ, ਬ੍ਰਹਮਾ ਬਾਪ ਦੇ ਗੁਣ ਹਨ, ਉਹ ਬੱਚਿਆਂ ਦੀ ਸੂਰਤ ਅਤੇ ਮੂਰਤ ਵਿੱਚ ਦਿਖਾਈ ਦਵੇ। ਅਨੁਭਵ ਕਰਨ ਕਿ ਇਹਨਾਂ ਦੇ ਨੈਣ, ਇਹਨਾਂ ਦੇ ਬੋਲ, ਇਹਨਾਂ ਦੀ ਵ੍ਰਿਤੀ ਅਤੇ ਵਾਈਬ੍ਰੇਸ਼ਨ ਨਿਆਰੇ ਹਨ। ਮਧੂਬਨ ਵਿੱਚ ਆਉਂਦੇ ਹਨ ਤਾਂ ਬਾਪ ਬ੍ਰਹਮਾ ਦੇ ਕਰਮ ਸਾਕਾਰ ਵਿੱਚ ਹੋਣ ਦੇ ਕਾਰਣ ਭੂਮੀ ਵਿੱਚ ਤਪੱਸਿਆ, ਕਰਮ ਅਤੇ ਤਿਆਗ ਦੇ ਵਾਈਬ੍ਰੇਸ਼ਨ ਸਮਾਏ ਹੋਏ ਹੋਣ ਦੇ ਕਾਰਣ ਇੱਥੇ ਸਹਿਜ ਅਨੁਭਵ ਕਰਦੇ ਹਨ ਕਿ ਇਹ ਸੰਸਾਰ ਨਿਆਰਾ ਹੈ ਕਿਉਂਕਿ ਬ੍ਰਹਮਾ ਬਾਪ ਅਤੇ ਵਿਸ਼ੇਸ਼ ਬੱਚਿਆਂ ਦੇ ਵਾਈਬ੍ਰੇਸ਼ਨ ਨਾਲ ਵਾਯੂਮੰਡਲ ਅਲੌਕਿਕ ਬਣਿਆ ਹੋਇਆ ਹੈ। ਇਵੇਂ ਹੀ ਜੋ ਬੱਚਾ ਜਿੱਥੇ ਵੀ ਰਹਿੰਦਾ ਹੈ, ਜੋ ਵੀ ਕਰਮਸ਼ੇਤਰ ਹੈ, ਹਰ ਬੱਚੇ ਕੋਲੋਂ ਬਾਪ ਸਮਾਨ ਗੁਣ, ਕਰਮ ਅਤੇ ਸ਼੍ਰੇਸ਼ਠ ਵ੍ਰਿਤੀ ਦਾ ਵਾਯੂਮੰਡਲ ਅਨੁਭਵ ਵਿੱਚ ਆਏ, ਇਸਨੂੰ ਬਾਪਦਾਦਾ ਕਹਿੰਦੇ ਹਨ - ਬਾਪ ਸਮਾਨ ਬਣਨਾ। ਜੋ ਹੁਣ ਤੱਕ ਸੰਕਲਪ ਹੈ ਬਾਪ ਸਮਾਨ ਬਣਨਾ ਹੀ ਹੈ, ਉਹ ਸੰਕਲਪ ਹੁਣ ਚੇਹਰੇ ਅਤੇ ਚਲਣ ਤੋਂ ਦਿਖਾਈ ਦਵੇ। ਜੋ ਵੀ ਸੰਬੰਧ

-ਸੰਪਰਕ ਵਿੱਚ ਆਏ ਉਹਨਾਂ ਦੇ ਦਿਲ ਤੋਂ ਇਹ ਆਵਾਜ਼ ਨਿਕਲੇ ਕਿ ਇਹ ਆਤਮਾਵਾਂ ਬਾਪ ਸਮਾਨ ਹਨ। (ਵਿੱਚ -ਵਿੱਚ ਖਾਂਸੀ ਆ ਰਹੀ ਹੈ) ਅੱਜ ਮਾਇਕ ਖ਼ਰਾਬ ਹੈ, ਮਿਲਣਾ ਤੇ ਹੈ ਨਾ। ਇਹ ਵੀ ਤਾਂ ਮਾਇਕ ਹੈ ਨਾ, ਇਹ ਮਾਇਕ ਨਹੀਂ ਚੱਲਦਾ ਤਾਂ ਇਹ ਮਾਇਕ ਵੀ ਕੰਮ ਦਾ ਨਹੀਂ। ਕੋਈ ਹਰਜ਼ਾ ਨਹੀਂ ਇਹ ਵੀ ਮੌਸਮ ਦਾ ਫ਼ਲ ਹੈ।

ਤਾਂ ਬਾਪਦਾਦਾ ਹੁਣ ਸਭ ਬੱਚਿਆਂ ਕੋਲੋਂ ਇਹ ਪ੍ਰਤਖਤਾ ਚਾਹੁੰਦੇ ਹਨ। ਜਿਵੇਂ ਵਾਣੀ ਦਵਾਰਾ ਪ੍ਰਤਖਤਾ ਕਰਦੇ ਹੋ ਤਾਂ ਵਾਣੀ ਦਾ ਪ੍ਰਭਾਵ ਪੈਂਦਾ ਹੈ, ਉਸ ਨਾਲੋਂ ਵੀ ਜ਼ਿਆਦਾ ਗੁਣ ਅਤੇ ਕਰਮ ਦਾ ਪੈਂਦਾ ਹੈ। ਹਰ ਇੱਕ ਬੱਚੇ ਦੇ ਨੈਣਾਂ ਤੋਂ ਇਹ ਅਨੁਭਵ ਹੋਵੇ ਕਿ ਇਹਨਾਂ ਦੇ ਨੈਣਾਂ ਵਿੱਚ ਕੋਈ ਵਿਸ਼ੇਸ਼ਤਾ ਹੈ। ਸਾਧਾਰਨ ਨਹੀਂ ਅਨੁਭਵ ਕਰਨ। ਅਲੌਕਿਕ ਹਨ। ਉਹਨਾਂ ਦੇ ਮਨ ਵਿੱਚ ਕਵੇਸ਼ਚਨ ਉੱਠੇ ਕਿ ਇਹ ਕਿਵੇਂ ਬਣੇ, ਕਿਥੋਂ ਤੋਂ ਬਣੇ। ਖੁਦ ਹੀ ਸੋਚਣ ਅਤੇ ਪੁੱਛਣ ਕਿ ਬਣਾਉਣ ਵਾਲਾ ਕੌਣ? ਜਿਵੇਂ ਅੱਜਕਲ ਦੇ ਸਮੇਂ ਵਿੱਚ ਵੀ ਕੋਈ ਵਧੀਆ ਚੀਜ਼ ਦੇਖਦੇ ਹਨ ਹੋ ਤਾਂ ਦਿਲ ਵਿੱਚ ਉੱਠਦਾ ਹੈ ਕਿ ਇਹ ਬਣਾਉਣ ਵਾਲਾ ਕੌਣ ਹੈ! ਇਵੇਂ ਆਪਣੇ ਬਾਪ ਸਮਾਨ ਬਣਨ ਦੀ ਸਥਿਤੀ ਦਵਾਰਾ ਬਾਪ ਨੂੰ ਪ੍ਰਤੱਖ ਕਰੋ। ਅੱਜਕਲ ਮੈਜੋਰਿਟੀ ਆਤਮਾਵਾਂ ਸੋਚਦੀਆਂ ਹਨ ਕਿ ਕੀ ਇਸ ਸਾਕਾਰ ਸ਼੍ਰਿਸ਼ਟੀ ਵਿੱਚ, ਇਸ ਵਾਤਾਵਰਨ ਵਿੱਚ ਰਹਿੰਦੇ ਹੋਏ ਇੰਜ ਵੀ ਕੋਈ ਆਤਮਾਵਾਂ ਬਣ ਸਕਦੀਆਂ ਹਨ! ਤਾਂ ਤੁਸੀਂ ਉਹਨਾਂ ਨੂੰ ਪ੍ਰਤੱਖ ਵਿਚ ਦੱਸੋ ਕਿ ਬਣ ਸਕਦੇ ਹਨ ਅਤੇ ਅਸੀਂ ਬਣੇ ਹਾਂ । ਅਜਕਲ ਪ੍ਰਤੱਖ ਪ੍ਰਮਾਣ ਨੂੰ ਜ਼ਿਆਦਾ ਮੰਨਦੇ ਹਨ। ਸੁਣਨ ਨਾਲੋਂ ਵੀ ਜ਼ਿਆਦਾ ਦੇਖਣਾ ਚਾਹੁੰਦੇ ਹਨ ਤਾਂ ਚਾਰੋਂ ਪਾਸੇ ਕਿੰਨੇ ਬੱਚੇ ਹਨ, ਹਰ ਇੱਕ ਬੱਚੇ ਬਾਪ ਸਮਾਨ ਪ੍ਰਤੱਖ ਪ੍ਰਮਾਣ ਬਣ ਜਾਣ ਤਾਂ ਮੰਨਣ ਅਤੇ ਜਾਨਣ ਵਿੱਚ ਮਿਹਨਤ ਨਹੀਂ ਲੱਗੇਗੀ। ਫਿਰ ਤੁਹਾਡੀ ਪ੍ਰਜਾ ਵੀ ਬਹੁਤ ਜਲਦੀ - ਜਲਦੀ ਤਿਆਰ ਹੋ ਜਾਏਗੀ। ਮਿਹਨਤ, ਸਮੇਂ ਘੱਟ ਅਤੇ ਪ੍ਰਤੱਖ ਪ੍ਰਮਾਣ ਅਨੁਭਵ ਕਰਨ ਨਾਲ ਜਿਵੇਂ ਪ੍ਰਜਾ ਦਾ ਸਟੈਂਪ ਲੱਗਦਾ ਜਾਏਗਾ। ਰਾਜੇ ਰਾਣੀ ਤਾਂ ਤੁਸੀਂ ਬਣਨ ਵਾਲੇ ਹੋ ਨਾ!

ਬਾਪਦਾਦਾ ਇੱਕ ਗੱਲ ਦਾ ਫਿਰ ਤੋਂ ਅਟੈਂਸ਼ਨ ਦਵਾ ਰਹੇ ਹਨ ਕਿ ਵਰਤਮਾਨ ਵਾਯੂਮੰਡਲ ਦੇ ਅਨੁਸਾਰ ਮਨ ਵਿੱਚ , ਦਿਲ ਤੋਂ ਹੁਣ ਤੋਂ ਵੈਰਾਗ ਵ੍ਰਿਤੀ ਨੂੰ ਇਮਰਜ਼ ਕਰੋ। ਬਾਪਦਾਦਾ ਨੇ ਹਰ ਬੱਚੇ ਨੂੰ ਭਾਵੇਂ ਪ੍ਰਵ੍ਰਿਤੀ ਵਿੱਚ ਹਨ, ਭਾਵੇਂ ਸੇਵਾਕੇਂਦਰ ਵਿੱਚ ਹਨ, ਭਾਵੇਂ ਕਿੱਥੇ ਵੀ ਰਹਿੰਦੇ ਹਨ, ਸਥੂਲ ਸਾਧਨ ਹਰ ਇੱਕ ਨੂੰ ਦਿੱਤੇ ਹਨ, ਅਜਿਹਾ ਕੋਈ ਬੱਚਾ ਨਹੀਂ ਹੈ ਜਿਸਦੇ ਕੋਲ ਖਾਣਾ, ਪੀਣਾ, ਰਹਿਣਾ ਇਸਦੇ ਸਾਧਨ ਨਹੀਂ ਹੋਣ। ਜੋ ਬੇਹੱਦ ਦੇ ਵੈਰਾਗ ਦੀ ਵ੍ਰਿਤੀ ਵਿੱਚ ਰਹਿੰਦੇ ਹੋਏ ਜਰੂਰੀ ਸਾਧਨ ਚਾਹੀਦੇ ਹਨ ਉਹ ਸਭ ਦੇ ਕੋਲ ਹਨ। ਜੇਕਰ ਕਿਸੇ ਨੂੰ ਕਮੀ ਹੈ ਤਾਂ ਉਹ ਉਸਦੇ ਆਪਣੇ ਅਲਬੇਲੇਪਨ ਜਾਂ ਆਲਸ ਦੇ ਕਾਰਣ ਹੈ। ਬਾਕੀ ਡਰਾਮੇ ਅਨੁਸਾਰ ਬਾਪਦਾਦਾ ਜਾਣਦੇ ਹਨ ਕਿ ਜਰੂਰੀ ਸਾਧਨ ਸਭਦੇ ਕੋਲ ਹਨ। ਜੋ ਜਰੂਰੀ ਸਾਧਨ ਹਨ ਉਹ ਚਲਣੇ ਹੀ ਹਨ। ਪਰ ਕਿਧਰੇ - ਕਿਧਰੇ ਜਰੂਰਤ ਤੋਂ ਵੀ ਜ਼ਿਆਦਾ ਸਾਧਨ ਹਨ। ਸਾਧਨਾ ਘੱਟ ਹੈ ਅਤੇ ਸਾਧਨ ਦਾ ਪ੍ਰਯੋਗ ਕਰਨਾ ਜਾਂ ਕਰਾਉਣਾ ਜ਼ਿਆਦਾ ਹੈ ਇਸਲਈ ਬਾਪਦਾਦਾ ਅੱਜ ਬਾਪ ਸਮਾਨ ਬਣਨ ਦੇ ਦਿਵਸ ਤੇ ਵਿਸ਼ੇਸ਼ ਅੰਡਰਲਾਇਨ ਕਰਾ ਰਹੇ ਹਨ - ਕਿ ਸਾਧਨਾਂ ਦੇ ਪ੍ਰਯੋਗ ਦਾ ਅਨੁਭਵ ਬਹੁਤ ਕੀਤਾ , ਜੋ ਕੀਤਾ ਉਹ ਵੀ ਬਹੁਤ ਵਧੀਆ ਕੀਤਾ , ਹੁਣ ਸਾਧਨਾਂ ਨੂੰ ਵਧਾਉਣਾ ਮਤਲਬ ਬੇਹੱਦ ਦੀ ਵੈਰਾਗ ਵ੍ਰਿਤੀ ਨੂੰ ਲਿਆਉਣਾ। ਬ੍ਰਹਮਾ ਬਾਪ ਨੂੰ ਦੇਖਿਆ ਲਾਸ੍ਟ ਘੜੀ ਤੱਕ ਬੱਚਿਆਂ ਨੂੰ ਸਾਧਨ ਬਹੁਤ ਦਿੱਤੇ ਪਰ ਖੁਦ ਸਾਧਨਾ ਦੇ ਪ੍ਰਯੋਗ ਤੋਂ ਦੂਰ ਰਹੇ। ਹੁੰਦੇ ਹੋਏ ਵੀ ਦੂਰ ਰਹਿਣਾ -ਉਸਨੂੰ ਕਹਾਂਗੇ ਵੈਰਾਗ। ਪਰ ਕੁਝ ਹੈ ਹੀ ਨਹੀਂ ਅਤੇ ਕਹਿਣ ਸਾਨੂੰ ਤੇ ਵੈਰਾਗ ਹੈ, ਅਸੀਂ ਤੇ ਹੈ ਹੀ ਵੈਰਾਗੀ, ਤਾਂ ਉਹ ਕਿਵੇਂ ਹੋਵੇਗਾ। ਉਹ ਤਾਂ ਗੱਲ ਹੀ ਵੱਖ ਹੈ। ਸਭ ਕੁਝ ਹੁੰਦੇ ਹੋਏ ਵੀ ਨਾਲੇਜ਼ ਅਤੇ ਵਿਸ਼ਵ ਕਲਿਆਣ ਦੀ ਭਾਵਨਾ ਨਾਲ, ਬਾਪ ਨੂੰ, ਖੁਦ ਨੂੰ ਪ੍ਰਤੱਖ ਕਰਨ ਦੀ ਭਾਵਨਾ ਨਾਲ ਹੁਣ ਸਾਧਨਾ ਦੀ ਬਜਾਏ ਬੇਹੱਦ ਦੀ ਵੈਰਾਗ ਵ੍ਰਿਤੀ ਹੋਵੇ। ਜਿਵੇਂ ਸਥਾਪਨਾ ਦੇ ਆਦਿ ਵਿੱਚ ਸਾਧਨ ਘੱਟ ਨਹੀਂ ਸੀ, ਪਰ ਬੇਹੱਦ ਦੇ ਵੈਰਾਗ ਵ੍ਰਿਤੀ ਦੀ ਭੱਠੀ ਵਿੱਚ ਪਏ ਹੋਏ ਸੀ। ਇਹ 14 ਸਾਲ ਜੋ ਤਪੱਸਿਆ ਕੀਤੀ, ਇਹ ਬੇਹੱਦ ਦੀ ਵੈਰਾਗ ਵ੍ਰਿਤੀ ਦਾ ਵਾਯੂਮੰਡਲ ਸੀ। ਬਾਪਦਾਦਾ ਨੇ ਹੁਣ ਸਾਧਨ ਬਹੁਤ ਦਿੱਤੇ ਹਨ, ਸਾਧਨਾ ਦੀ ਹੁਣ ਕੋਈ ਕਮੀ ਨਹੀਂ ਹੈ ਪਰ ਹੁੰਦੇ ਹੋਏ ਬੇਹੱਦ ਦਾ ਵੈਰਾਗ ਹੋਵੇ। ਵਿਸ਼ਵ ਦੀ ਆਤਮਾਵਾਂ ਦੇ ਕਲਿਆਣ ਦੇ ਪ੍ਰਤੀ ਵੀ ਇਸ ਸਮੇਂ ਇਸ ਵਿਧੀ ਦੀ ਜਰੂਰਤ ਹੈ ਕਿਉਕਿ ਚਾਰੋਂ ਪਾਸੇ ਇੱਛਾਵਾਂ ਵੱਧ ਰਹੀਆਂ ਹਨ, ਇੱਛਾਵਾਂ ਦੇ ਵਸ਼ ਆਤਮਾਵਾਂ ਪ੍ਰੇਸ਼ਾਨ ਹਨ, ਚਾਹੇ ਪਦਮਾਪਤੀ ਵੀ ਹਨ ਪਰ ਇੱਛਾਵਾਂ ਤੋਂ ਉਹ ਵੀ ਪ੍ਰੇਸ਼ਾਨ ਹਨ। ਵਾਯੂਮੰਡਲ ਵਿੱਚ ਆਤਮਾਵਾਂ ਦੀ ਪ੍ਰੇਸ਼ਾਨੀ ਦਾ ਵਿਸ਼ੇਸ਼ ਕਾਰਣ ਇਹ ਹੱਦ ਦੀਆਂ ਇੱਛਾਵਾਂ ਹਨ। ਹੁਣ ਤੁਸੀਂ ਆਪਣੀ ਬੇਹੱਦ ਦੀ ਵੈਰਾਗ ਵ੍ਰਿਤੀ ਨਾਲ ਉਹਨਾਂ ਆਤਮਾਵਾਂ ਵਿੱਚ ਵੀ ਵੈਰਾਗ ਵ੍ਰਿਤੀ ਲਿਆਓ। ਤੁਹਾਡੀ ਵੈਰਾਗ ਵ੍ਰਿਤੀ ਨਾਲ ਵਾਯੂਮੰਡਲ ਦੇ ਬਿਨਾ ਆਤਮਾਵਾਂ ਸੁਖੀ, ਸ਼ਾਂਤ ਬਣ ਨਹੀਂ ਸਕਦੀਆਂ, ਪ੍ਰੇਸ਼ਾਨੀ ਤੋਂ ਛੁੱਟ ਨਹੀਂ ਸਕਦੀਆਂ। ਤੁਸੀਂ ਵਰੀਕ੍ਸ਼ ਦੀ ਜੜ੍ਹ ਹੋ, ਬ੍ਰਾਹਮਣਾਂ ਦਾ ਸਥਾਨ ਵਰੀਕ੍ਸ਼ ਵਿੱਚ ਕਿੱਥੇ ਦਿਖਾਇਆ ਹੈ? ਜੜ੍ਹ ਵਿੱਚ ਦਿਖਾਇਆ ਹੈ ਨਾ! ਤਾਂ ਤੁਸੀਂ ਫਾਉਂਡੇਸ਼ਨ ਹੋ, ਤੁਹਾਡੀ ਲਹਿਰ ਵਿਸ਼ਵ ਵਿੱਚ ਫੈਲੇਗੀ ਇਸਲਈ ਬਾਪਦਾਦਾ ਵਿਸ਼ੇਸ਼ ਸਾਕਾਰ ਵਿੱਚ ਬ੍ਰਹਮਾ ਬਾਪ ਸਮਾਨ ਬਣਨ ਦੀ ਵਿਧੀ, ਵੈਰਾਗ ਵ੍ਰਿਤੀ ਦੇ ਵਲ ਵਿਸ਼ੇਸ਼ ਅਟੈਂਨਸ਼ਨ ਦਵਾ ਰਹੇ ਹਨ। ਹਰ ਇੱਕ ਨੂੰ ਅਨੁਭਵ ਹੋਵੇ ਕਿ ਇਹ ਸਾਧਨਾ ਦੇ ਵੰਸ਼ ਨਹੀਂ, ਸਾਧਨਾਂ ਵਿੱਚ ਰਹਿਣ ਵਾਲੇ ਹਨ। ਹੁੰਦੇ ਹੋਏ ਵੈਰਾਗ ਵ੍ਰਿਤੀ ਹੋਵੇ। ਜਰੂਰੀ ਸਾਧਨ ਯੂਜ਼ ਕਰੋ ਪਰ ਜਿਨਾ ਹੋ ਸਕਦਾ ਹੈ ਓਨਾ ਦਿਲ ਦੇ ਵੈਰਾਗ ਵ੍ਰਿਤੀ ਨਾਲ, ਸਾਧਨਾ ਦੇ ਵਸ਼ੀਭੂਤ ਹੋਕੇ ਨਹੀਂ।

ਹੁਣ ਸਾਧਨਾ ਦਾ ਵਾਯੂਮੰਡਲ ਚਾਰੋਂ ਪਾਸੇ ਬਣਾਓ। ਸਮੇਂ ਸਮੀਪ ਦੇ ਪ੍ਰਮਾਣ ਹੁਣ ਸੱਚੀ ਤਪੱਸਿਆ ਅਤੇ ਸਾਧਨਾ ਹੈ ਹੀ ਬੇਹੱਦ ਦਾ ਵੈਰਾਗ। ਸੇਵਾ ਦਾ ਵਿਸਤਾਰ ਇਸ ਵਰ੍ਹੇ ਵਿੱਚ ਬਹੁਤ ਕੀਤਾ। ਇਸ ਵਰ੍ਹੇ ਚਾਰੋਂ ਪਾਸੇ ਵੱਡੇ - ਵੱਡੇ ਪ੍ਰੋਗ੍ਰਾਮ ਕੀਤੇ ਅਤੇ ਸੇਵਾ ਨਾਲ ਸਹਿਯੋਗੀ ਆਤਮਾਵਾਂ ਵੀ ਬਹੁਤ ਬਣੇ ਹਨ, ਸਮੀਪ ਆਏ ਹਨ, ਸੰਪਰਕ ਵਿੱਚ ਆਏ ਹਨ, ਪਰ ਕੀ ਸਿਰਫ਼ ਸਹਿਯੋਗੀ ਬਣਨਾ ਹੈ? ਇੱਥੇ ਤੱਕ ਰੱਖਣਾ ਹੈ ਕੀ? ਸਹਿਯੋਗੀ ਆਤਮਾਵਾਂ ਚੰਗੀਆਂ - ਚੰਗੀਆਂ ਹਨ, ਹੁਣ ਉਹਨਾਂ ਸਹਿਯੋਗੀ ਕਵਾਲਿਟੀ ਵਾਲੀਆਂ ਆਤਮਾਵਾਂ ਨੂੰ ਹੋਰ ਵੀ

ਸੰਬੰਧ ਵਿੱਚ ਲਿਆਉ। ਅਨੁਭਵ ਕਰਾਓ, ਜਿਸਨਾਲ ਸਹਿਯੋਗੀ ਤੋਂ ਸਹਿਜ ਯੋਗੀ ਬਣ ਜਾਣ। ਇਸਦੇ ਲਈ ਇੱਕ ਤਾਂ ਸਾਧਨਾ ਦਾ ਵਾਯੂਮੰਡਲ ਅਤੇ ਦੂਸਰਾ ਬੇਹੱਦ ਦੀ ਵੈਰਾਗ ਵ੍ਰਿਤੀ ਦਾ ਵਾਯੂਮੰਡਲ ਹੋਵੇ ਤਾਂ ਇਸ ਨਾਲ ਸਹਿਜ ਸਹਿਯੋਗੀ ਸਹਿਜ ਯੋਗੀ ਬਣ ਜਾਓਗੇ। ਉਹਨਾਂ ਦੀ ਸੇਵਾ ਭਾਵੇਂ ਕਰਦੇ ਰਹੋ ਪਰ ਨਾਲ ਸਾਧਨਾ, ਤਪੱਸਿਆ ਦਾ ਵਾਯੂਮੰਡਲ ਜਰੂਰੀ ਹੈ।

ਹੁਣ ਚਾਰੋਂ ਪਾਸੇ ਪਾਵਰਫੁੱਲ ਤਪੱਸਿਆ ਕਰਨੀ ਹੈ, ਜੋ ਤਪੱਸਿਆ ਮਨਸਾ ਸੇਵਾ ਦੇ ਨਿਮਿਤ ਬਣੇ, ਅਜਿਹੀ ਪਾਵਰਫੁੱਲ ਸੇਵਾ ਹੁਣ ਤਪੱਸਿਆ ਕਰਨੀ ਹੈ। ਹੁਣ ਮਨਸਾ ਸੇਵਾ ਮਤਲਬ ਸੰਕਲਪ ਦਵਾਰਾ ਸੇਵਾ ਦੀ ਟਚਿੰਗ ਹੋਵੇ, ਉਸਦੀ ਜਰੂਰਤ ਹੈ। ਸਮੇਂ ਸਮੀਪ ਆ ਰਿਹਾ ਹੈ, ਨਿਰੰਤਰ ਸਥਿਤੀਆਂ ਅਤੇ ਨਿਰੰਤਰ ਪਾਵਰਫੁੱਲ ਵਾਯੂਮੰਡਲ ਦੀ ਜਰੂਰਤ ਹੈ। ਬਾਪ ਸਮਾਨ ਬਣਨਾ ਹੈ ਤਾਂ ਪਹਿਲੇ ਬੇਹੱਦ ਦੀ ਵੈਰਾਗ ਵ੍ਰਿਤੀ ਧਾਰਨ ਕਰੋ। ਇਹ ਹੀ ਬ੍ਰਹਮਾ ਬਾਪ ਦੀ ਅੰਤ ਤੱਕ ਵਿਸ਼ੇਸ਼ਤਾ ਦੇਖੀ। ਨਾ ਵੈਭਵ ਵਿੱਚ ਲਗਾਵ ਰਿਹਾ, ਨਾ ਬੱਚਿਆਂ ਵਿੱਚ … ਸਭ ਤੋ ਵੈਰਾਗ ਵ੍ਰਿਤੀ। ਤਾਂ ਅੱਜ ਦੇ ਦਿਨ ਦਾ ਬਾਪ ਸਮਾਨ ਬਣਨ ਦਾ ਪਾਠ ਪੱਕਾ ਕਰਨਾ। ਬਸ ਬ੍ਰਹਮਾ ਬਾਪ ਸਮਾਨ ਬਣਨਾ ਹੀ ਹੈ। ਅਜਿਹਾ ਦ੍ਰਿੜ੍ਹ ਨਿਸ਼ਚੇ ਜਰੂਰ ਅੱਗੇ ਵਧਾਏਗਾ।

ਅੱਛਾ - ਅੱਜ ਕਿਹੜੀ ਗੱਲ ਨੂੰ ਅੰਡਰਲਾਇਨ ਕੀਤਾ? ਬੇਹੱਦ ਦਾ ਵੈਰਾਗ। ਹੁਣ ਆਤਮਾਵਾਂ ਨੂੰ ਇਛਾਵਾਂ ਤੋਂ ਬਚਾਓ। ਵਿਚਾਰੇ ਬਹੁਤ ਦੁੱਖੀ ਹਨ। ਬਹੁਤ ਪ੍ਰੇਸ਼ਾਨ ਹਨ। ਤਾਂ ਹੁਣ ਰਹਿਮਦਿਲ ਬਣੋ। ਰਹਿਮ ਦੀ ਲਹਿਰ ਬੇਹੱਦ ਦੀ ਵੈਰਾਗ ਵ੍ਰਿਤੀ ਦਵਾਰਾ ਫੈਲਾਓ। ਹੁਣ ਸਭ ਉੱਚੇ ਤੋਂ ਉੱਚੇ ਪਰਮਧਾਮ ਵਿੱਚ ਬਾਪ ਦੇ ਨਾਲ ਬੈਠ ਸਰਵ ਆਤਮਾਵਾਂ ਨੂੰ ਰਹਿਮ ਦੀ ਦ੍ਰਿਸ਼ਟੀ ਦਵੋ। ਵਾਇਬ੍ਰੇਸ਼ਨ ਫੈਲਾਓ। ਫੈਲਾ ਸਕਦੇ ਹੋ ਨਾ? ਤਾਂ ਬਸ ਹੁਣ ਪਰਮਧਾਮ ਵਿੱਚ ਬਾਪ ਦੇ ਨਾਲ ਬੈਠ ਜਾਓ। ਉੱਥੇ ਤੋਂ ਬੇਹੱਦ ਦੇ ਰਹਿਮ ਦਾ ਵਾਯੂਮੰਡਲ ਫੈਲਾਓ। (ਬਾਪਦਾਦਾ ਨੇ ਡਰਿੱਲ ਕਰਾਈ) ਅੱਛਾ।

ਚਾਰੋਂ ਪਾਸੇ ਦੇ ਸਰਵ ਅਤਿ ਸਨੇਹੀ ਬੱਚਿਆਂ ਨੂੰ, ਸਰਵ ਚਾਰੋਂ ਪਾਸੇ ਦੇ ਸਾਧਨਾ ਕਰਨ ਵਾਲੇ ਸ਼੍ਰੇਸ਼ਠ ਆਤਮਾਵਾਂ ਨੂੰ, ਬਾਪਦਾਦਾ ਨੂੰ ਸਾਰੇ ਦਿਲ ਵਿੱਚ ਬਹੁਤ ਪਿਆਰੇ - ਪਿਆਰੇ, ਮਿੱਠੇ -ਮਿੱਠੇ ਦਿਲ ਦੇ ਗੀਤ ਸੁਣਾਉਣ ਵਾਲੇ, ਰੂਹ - ਰਿਹਾਨ ਕਰਨ ਵਾਲੇ ਸ਼ਕਤੀਆਂ ਦੇ, ਗੁਣ ਦੇ ਵਰਦਾਨ ਨਾਲ ਝੋਲੀ ਭਰਨ ਵਾਲੇ, ਬਾਪਦਾਦਾ ਨੂੰ ਸਭਦੇ ਗੀਤ, ਖੁਸ਼ੀ ਦੇ ਗੀਤ ਸੇਨਹ ਦੇ ਗੀਤ, ਰੂਹਾਨੀ ਨਸ਼ੇ ਦੇ ਗੀਤ, ਮਿੱਠੀ -ਮਿੱਠੀ ਗੱਲਾਂ ਬਹੁਤ - ਬਹੁਤ ਦਿਲ ਨੂੰ ਲੁਭਾਉਣ ਵਾਲੀ ਸੁਣਾਈ ਦਿੱਤੀ ਅਤੇ ਬਾਪਦਾਦਾ ਵੀ ਸੁਣਨ ਵਿੱਚ ਲਵਲੀਨ ਸੀ। ਤਾਂ ਅਜਿਹੇ ਦਿਲ ਦੇ ਸੱਚੇ, ਦਿਲ ਦੇ ਆਵਾਜ਼ ਸੁਣਾਉਣ ਵਾਲੇ ਬੱਚੇ ਮਹਾਨ ਹਨ ਅਤੇ ਸਦਾ ਮਹਾਨ ਰਹਿਣਗੇ, ਅਜਿਹੇ ਮਿੱਠੇ - ਮਿਠੇ ਸਦਾ ਬੇਹੱਦ ਦੇ ਵੈਰਾਗ ਵ੍ਰਿਤੀ ਨੂੰ ਅਪਣਾਉਣ ਵਾਲੇ, ਦ੍ਰਿੜ੍ਹ ਨਿਸ਼ਚੇ ਬੱਚਿਆਂ ਨੂੰ ਬਾਪਦਾਦਾ ਇੱਕ ਦੇ ਬਦਲੇ ਪਦਮਗੁਣਾਂ ਰਿਟਰਨ ਦੇ ਰਹੇ ਹਨ। ਦਿਲਾਰਾਮ ਦੇ ਦਿਲ ਵਿੱਚ ਰਹਿਣ ਵਾਲੇ ਬੱਚਿਆਂ ਨੂੰ ਬਹੁਤ -ਬਹੁਤ ਯਾਦਪਿਆਰ ਅਤੇ ਨਮਸਤੇ।

ਜੋ ਬਾਹਰ ਵੀ ਸੁਣ ਰਹੇ ਹਨ ਉਹਨਾਂ ਨੂੰ ਵੀ ਬਾਬਾ ਦੇਖ ਰਹੇ ਹਨ ਅਤੇ ਬਾਪਦਾਦਾ ਦੂਰ ਨਹੀਂ ਦੇਖਦੇ ਹਨ ਪਰ ਸਭ ਪਾਸੇ ਦੇ ਬੱਚਿਆਂ ਨੂੰ ਸਮੁੱਖ ਦੇਖ ਯਾਦਪਿਆਰ ਅਤੇ ਮੁਬਾਰਕ ਅਤੇ ਯਾਦ ਸੌਗਾਤ ਅਤੇ ਯਾਦ ਪੱਤਰਾਂ ਦਾ ਰਿਟਰਨ ਕਰ ਰਹੇ ਹਨ ਕਿ ਸਦਾ ਉੱਡਦੀ ਕਲਾ ਵਿੱਚ ਉੱਡਣ ਵਾਲੇ ਬੱਚੇ ਸਦਾ ਆਬਾਦ ਹਨ, ਸਦਾ ਹੀ ਆਬਾਦ ਰਹਿਣਗੇ। ਅੱਛਾ।

ਵਰਦਾਨ:- ਸ਼੍ਰੇਸ਼ਠ ਸੰਕਲਪ ਦੀ ਸ਼ਕਤੀ ਦਵਾਰਾ ਸਿੱਧੀਆਂ ਪ੍ਰਾਪਤ ਕਰਨ ਵਾਲੇ ਸਿੱਧੀ ਸਵਰੂਪ ਭਵ

ਤੁਸੀਂ ਮਾਸਟਰ ਸਰਵਸ਼ਕਤੀਮਾਨ ਬੱਚਿਆਂ ਦੇ ਸੰਕਲਪ ਵਿੱਚ ਇੰਨੀ ਸ਼ਕਤੀ ਹੈ ਜੋ ਜਿਸ ਸਮੇਂ ਚਾਹੋਂ ਉਹ ਕਰ ਸਕਦੇ ਹੋ ਅਤੇ ਕਰਾ ਵੀ ਸਕਦੇ ਹੋ ਕਿਉਂਕਿ ਸੰਕਲਪ ਸਦਾ ਸ਼ੁਭ, ਸ਼੍ਰੇਸ਼ਠ ਅਤੇ ਕਲਿਆਣਕਾਰੀ ਹਨ। ਜੋ ਸ਼੍ਰੇਸ਼ਠ ਅਤੇ ਕਲਿਆਣ ਦਾ ਸੰਕਲਪ ਹੈ ਉਹ ਸਿੱਧ ਜਰੂਰ ਹੁੰਦਾ ਹੈ। ਮਨ ਸਦਾ ਇਕਾਗਰ ਮਤਲਬ ਇੱਕ ਠਿਕਾਣੇ ਤੇ ਸਥਿਤ ਰਹਿੰਦਾ ਹੈ। ਭਟਕਦਾ ਨਹੀਂ ਹੈ। ਜਿੱਥੇ ਚਾਹੇ ਜਦੋਂ ਚਾਹੇ ਮਨ ਨੂੰ ਉੱਥੇ ਸਥਿਤ ਕਰ ਸਕਦੇ ਹਨ। ਇਸ ਨਾਲ ਸਿੱਧੀ ਸਵਰੂਪ ਖੁਦ ਬਣ ਜਾਂਦੇ ਹਨ।

ਸਲੋਗਨ:- ਪ੍ਰਸਥਿਤੀ ਦੀ ਹਲਚਲ ਦੇ ਪ੍ਰਭਾਵ ਤੋਂ ਬਚਨਾ ਹੈ ਤਾਂ ਵਿਦੇਹੀ ਸਥਿਤੀ ਵਿੱਚ ਰਹਿਣ ਦਾ ਅਭਿਆਸ ਕਰੋ।

******